ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ (ਵੈਬਸਾਈਟ,ਈ-ਮੇਲ ਰਾਹੀਂ)

ਸਮੂਹ ਸਕੂਲ ਮੁਖੀ,
ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (DIETs)
ਪੰਜਾਬ।

ਮੀਮੋ ਨੰਬਰ : SCERT-TR202/71/2023-SDP-SCERT/622130/01/1022-1026
ਮਿਤੀ: ਐਸ.ਏ.ਐਸ. ਨਗਰ, 22-12-2023

**ਵਿਸ਼ਾ: ਮਿਤੀ 23 ਦਸੰਬਰ 2023 ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ "ਵੀਰ ਬਾਲ ਦਿਵਸ" ਮਨਾਉਣ ਸਬੰਧੀ।**

ਹਵਾਲਾ: Joint Secretary (Cord & Media), Department of School Education and Literacy, Ministry of Education, Government of India, New Delhi ਵੱਲੋਂ ਪੱਤਰ ਨੰਬਰ F.17-9/2023- Coord.(Pt) Dated 19-12-2023 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਨੇ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ- ਸਾਲ 2022 ਅਨੁਸਾਰ ਦਸਵੇਂ ਸਿੱਖ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜਿਹਨਾਂ ਦੀ ਉਮਰ ਕ੍ਰਮਵਾਰ 9 ਅਤੇ 6 ਸਾਲ ਦੀ ਸੀ, 26 ਦਸੰਬਰ, 1705 ਨੂੰ ਨਿਆਂ ਦੀ ਪ੍ਰਾਪਤੀ ਲਈ ਮਹਾਨ ਬਹਾਦਰੀ ਅਤੇ ਸਰਵਉੱਚ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਰ ਸਾਲ "ਵੀਰ ਬਾਲ ਦਿਵਸ" ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ।

2.0 ਇਸੇ ਫੈਸਲੇ ਦੀ ਲਗਾਤਾਰਤਾ ਵਿੱਚ ਸਾਹਿਬਜ਼ਾਦਿਆਂ ਦੀ ਯਾਦ ਵਿੱਚ "ਵੀਰ ਬਾਲ ਦਿਵਸ" ਵਜੋਂ ਮਨਾਉਣ ਲਈ ਰਾਜ ਦੇ ਸਾਰੇ ਸਕੂਲਾਂ ਵਿੱਚ ਮਿਤੀ 23-12-2023 ਨੂੰ ਦਿਨ ਭਰ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਬਾਰੇ ਅਤੇ ਉਹਨਾਂ ਦੀ ਲਾਸਾਨੀ ਕੁਰਬਾਨੀ ਬਾਰੇ ਜਾਣਕਾਰੀ ਦੇਣ/ਸਿੱਖਿਅਤ ਕਰਨ ਲਈ ਸਕੂਲਾਂ ਵਿੱਚ ਪ੍ਰਸੰਗਿਕ ਕਹਾਣੀਆਂ, ਵਿਸ਼ੇਸ਼ ਅਸੈਂਬਲੀਆਂ, ਬਹਿਸ, ਕਵਿਤਾਵਾਂ, ਲੇਖ, ਪੇਂਟਿੰਗਾਂ ਅਤੇ ਵੀਰ ਬਾਲ ਦਿਵਸ 'ਤੇ ਛੋਟੀਆਂ ਫਿਲਮਾਂ, ਸਾਹਿਬਜ਼ਾਦਿਆਂ ਦੀ ਬਹਾਦਰੀ ਨੂੰ ਦਰਸਾਉਂਦੀਆਂ ਕਹਾਣੀਆਂ ਦਿਖਾਈਆਂ/ ਸੁਣਾਈਆਂ ਜਾਣ ਅਤੇ ਹੋਰ ਢੁਕਵੀਆਂ ਗਤੀਵਿਧੀਆਂ/ਪ੍ਰੋਗਰਾਮ ਕਰਵਾਏ ਜਾਣ।

3.0 ਆਪ ਵੱਲੋਂ ਆਪਣੇ ਸਕੂਲ/ਸੰਸਥਾ ਦੇ ਸਾਹਸੀ ਕਾਰਨਾਮੇ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇ, ਤਾਂ ਜੋ ਸਥਾਨਕ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ/ ਰੋਲ ਮਾਡਲ ਬਣਨ।

4.0 ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਦੁਆਰਾ ਤਿਆਰ ਕੀਤੀ ਗਈ ਇੱਕ ਡਿਜ਼ੀਟਲ ਪ੍ਰਦਰਸ਼ਨੀ (ਨਾਲ ਨੱਥੀ) ਨੂੰ ਢੁਕਵੇਂ ਆਕਾਰ ਵਿੱਚ ਛਪਵਾ ਕੇ ਸਕੂਲ ਦੀ ਕੰਧ 'ਤੇ ਪ੍ਰਦਰਸ਼ਿਤ ਕੀਤਾ ਜਾਵੇ/ਪ੍ਰੋਜੈਕਟਰ ਰਾਹੀਂ ਵਿਦਿਆਰਥੀਆਂ ਨੂੰ ਦਿਖਾਇਆ ਜਾਵੇ, ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵਟਸਐਪ ਗਰੁੱਪਾਂ 'ਤੇ ਸਾਂਝਾ ਕੀਤਾ ਜਾਵੇ।

5.0 ਭਾਰਤ ਸਰਕਾਰ ਦੇ My Gov/My Bharat ਪੋਰਟਲ 'ਤੇ ਇੱਕ interactive quiz ਅੱਪਲੋਡ ਕੀਤੀ ਗਈ ਹੈ, ਜਿਸ ਲਈ ਲਿੰਕ ਬਾਅਦ ਵਿੱਚ ਸਾਂਝਾ ਕੀਤਾ ਜਾਵੇਗਾ, ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸਾਹਿਤ ਕੀਤਾ ਜਾਵੇ।

6.0 ਆਪ ਵੱਲੋਂ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ/ਸੰਸਥਾਵਾਂ ਦੇ ਵਿਦਿਆਰਥੀਆਂ/ਅਧਿਆਪਕਾਂ/ ਮਾਪਿਆਂ ਆਦਿ ਵੱਲੋਂ "ਵੀਰ ਬਾਲ ਦਿਵਸ" ਮਨਾਉਣ ਸਬੰਧੀ ਰਿਪੋਰਟ ਸਮੇਤ ਫੋਟੋਆਂ ਅਤੇ ਵੀਡੀਓਜ਼ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ) ਨੂੰ ਮਿਤੀ 27-12-2023 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ. ਉਕਤ/ 02-05/1022-1026 ਮਿਤੀ:- ਐਸ.ਏ.ਐਸ. ਨਗਰ, 22-12-2023

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ), ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),ਪੰਜਾਬ ਨੂੰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ, ਖੁਦ-ਮੁਖਤਿਆਰ ਸੰਸਥਾਵਾਂ ਦੇ ਮੁਖੀਆਂ ਨੂੰ ਵੀਰ ਬਾਲ ਦਿਵਸ ਮਨਾਉਣ ਦੇ ਸਬੰਧ ਵਿੱਚ ਕਰਵਾਈਆਂ ਜਾਣ ਵਾਲੀਆਂ ਉਕਤ ਦਰਸਾਈਆਂ ਗਤੀਵਿਧੀਆਂ ਸਕੂਲਾਂ ਵਿੱਚ ਕਰਵਾਉਣ ਹਿੱਤ ਅਤੇ "ਵੀਰ ਬਾਲ ਦਿਵਸ" ਮਨਾਉਣ ਸੰਬੰਧੀ ਰਿਪੋਰਟ ਸਮੇਤ ਫੋਟੋਆਂ ਅਤੇ ਵੀਡੀਓਜ਼ (ਪੂਰੇ ਜਿਲ੍ਹੇ ਦੀ compiled ਰਿਪੋਰਟ) ਵਿਭਾਗ ਨੂੰ ਈਮੇਲ ਆਈ. ਡੀ scertactivities@punjabeducation.gov.in ਤੇ ਮਿਤੀ 27-12-2023 ਤੱਕ ਭੇਜਣ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।